## ਪਾਠ – 6
## ਦਲੇਰੀ (ਲੇਖਕ– ਦਰਸ਼ਨ ਸਿੰਘ ਆਸ਼ਟ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਬਲਜੀਤ ਤੇ ਏਕਮ ਨੂੰ ਕਿਹੜੀ-ਕਿਹੜੀ ਖੇਡ ਦਾ ਸ਼ੌਕ ਸੀ?**
ਉੱਤਰ : ਬਲਜੀਤ ਨੂੰ ਤੈਰਾਕੀ ਅਤੇ ਏਕਮ ਨੂੰ ਫੁੱਟਬਾਲ ਦੀ ਖੇਡ ਦਾ ਸ਼ੌਕ ਸੀ।

**ਪ੍ਰਸ਼ਨ ਅ. ਚੰਡੀਗੜ੍ਹ ਜਾਣ ਤੋਂ ਪਹਿਲਾਂ ਬੱਚੇ ਰਸਤੇ ਵਿੱਚ ਕਿੱਥੇ-ਕਿੱਥੇ ਗਏ ਤੇ ਉਨ੍ਹਾਂ ਨੇ ਉੱਥੇ ਕੀ ਦੇਖਿਆ?**
ਉੱਤਰ : ਚੰਡੀਗੜ੍ਹ ਜਾਣ ਤੋਂ ਪਹਿਲਾਂ ਬੱਚੇ ਰਸਤੇ ਵਿੱਚ ਛੱਤਬੀੜ ਚਿੜੀਆ-ਘਰ ਦੇਖਣ ਗਏ। ਉੱਥੇ ਉਨ੍ਹਾਂ ਨੇ ਬਹੁਤ ਸਾਰੇ ਜਾਨਵਰ ਤੇ ਪੰਛੀ ਦੇਖੇ।

**ਪ੍ਰਸ਼ਨ ੲ. ਵਿਦਿਆਰਥੀਆਂ ਨੇ ਚੰਡੀਗੜ੍ਹ ਵਿੱਚ ਕਿਹੜੀਆਂ-ਕਿਹੜੀਆਂ ਥਾਂਵਾਂ ਦੇਖੀਆਂ?**
ਉੱਤਰ : ਵਿਦਿਆਰਥੀਆਂ ਨੇ ਚੰਡੀਗੜ੍ਹ ਵਿੱਚ ਰਾਕ-ਗਾਰਡਨ, ਰੋਜ਼-ਗਾਰਡਨ, ਪੰਜਾਬ ਯੂਨੀਵਰਸਿਟੀ, ਅਜਾਇਬ-ਘਰ, ਸੁਖਨਾ ਝੀਲ ਅਤੇ ਹੋਰ ਮਹੱਤਵਪੂਰਨ ਥਾਂਵਾਂ ਦੇਖੀਆਂ।

**ਪ੍ਰਸ਼ਨ ਸ. ਚੰਡੀਗੜ੍ਹ ਸ਼ਹਿਰ ਦਾ ਨਕਸ਼ਾ ਕਿਸ ਨੇ ਬਣਾਇਆ ਸੀ?**
ਉੱਤਰ : ਚੰਡੀਗੜ੍ਹ ਸ਼ਹਿਰ ਦਾ ਨਕਸ਼ਾ ਪ੍ਰਸਿੱਧ ਫ਼ਰਾਂਸੀਸੀ ਆਰਕੀਟੈਕਟ ਲੀ-ਕਾਰਬੂਜ਼ੀਅਰ ਨੇ ਬਣਾਇਆ ਸੀ।

**ਪ੍ਰਸ਼ਨ ਹ. ਬਲਜੀਤ ਨੇ ਝੀਲ ਵਿੱਚ ਡੁੱਬਦੇ ਬੱਚੇ ਨੂੰ ਕਿਸ ਤਰ੍ਹਾਂ ਬਚਾਇਆ?**
ਉੱਤਰ : ਬਲਜੀਤ ਨੇ ਬੱਚੇ ਦੀ ਦੁਹਾਈ ਸੁਣਦੇ ਹੀ ਉਸ ਥਾਂ ਡੁਬਕੀ ਲਾਈ ਜਿੱਥੇ ਬੱਚਾ ਡੁੱਬ ਰਿਹਾ ਸੀ। ਉਸ ਨੇ ਬੱਚੇ ਨੂੰ ਕਮੀਜ਼ ਤੋਂ ਫੜ ਕੇ ਪਾਣੀ ਦੇ ਉੱਪਰ ਲੈ ਆਂਦਾ। ਇੰਨੇ ਨੂੰ ਬਚਾਓ ਲਈ ਇੱਕ ਕਿਸ਼ਤੀ ਵੀ ਉੱਥੇ ਪਹੁੰਚ ਗਈ।

**ਪ੍ਰਸ਼ਨ ਕ. ਬੱਚੇ ਦੀ ਮੰਮੀ ਨੇ ਬਲਜੀਤ ਦਾ ਧੰਨਵਾਦ ਕਿਵੇਂ ਕਰਨਾ ਚਾਹਿਆ?**
ਉੱਤਰ : ਬੱਚੇ ਦੀ ਮੰਮੀ ਨੇ ਬਲਜੀਤ ਦਾ ਧੰਨਵਾਦ ਕਰਨ ਲਈ ਉਸਨੂੰ ਪੰਜ ਸੌ ਦਾ ਨੋਟ ਦੇਣਾ ਚਾਹਿਆ। ਪਰ ਬਲਜੀਤ ਨੇ ਲੈਣ ਤੋਂ ਇਨਕਾਰ ਕਰ ਦਿੱਤਾ।

**ਪ੍ਰਸ਼ਨ ਖ. ਆਖ਼ਰ ਵਿੱਚ ਏਕਮ ਨੇ ਬਲਜੀਤ ਨੂੰ ਕੀ ਕਿਹਾ?**
ਉੱਤਰ : ਆਖ਼ਰ ਵਿੱਚ ਏਕਮ ਨੇ ਬਲਜੀਤ ਨੂੰ ਕਿਹਾ ਕਿ ਜਿਹੜਾ ਕੰਮ ਮੁੰਡੇ ਨਹੀਂ ਕਰ ਸਕੇ; ਉਹ ਇੱਕ ਭੈਣ ਨੇ ਕਰ ਦਿਖਾਇਆ ਹੈ।

### 2. ਔਖੇ ਸ਼ਬਦਾਂ ਦੇ ਅਰਥ :



| | | |
|---|---|---|
| ਰੀਝ | : | ਸ਼ੋਕ |
| ਬੋਟਿੰਗ | : | ਬੇੜੀ ਵਿੱਚ ਸੈਰ ਕਰਨਾ |
| ਸਹਿਮਤੀ | : | ਰਜ਼ਾਮੰਦੀ |
| ਟੂਰ | : | ਦੌਰਾ |
| ਸੁਚੱਜੀ ਯੋਜਨਾ | : | ਅੱਛਾ ਤਰੀਕਾ |
| ਸ਼ੁਕੀਨ | : | ਸ਼ੌਕ ਰੱਖਣ ਵਾਲ਼ੇ |
| ਦੂਰ-ਦੁਰਾਡੇ | : | ਦੂਰ ਤੱਕ |
| ਰੈੱਸਟੋਰੈਂਟ | : | ਉਹ ਹੋਟਲ ਜਿੱਥੇ ਰਹਾਇਸ਼ ਦਾ ਪ੍ਰਬੰਧ ਨਹੀਂ ਹੁੰਦਾ ਪਰ ਚਾਹ ਆਦਿ ਦਾ ਪ੍ਰਬੰਧ ਹੁੰਦਾ ਹੈ। |
| ਦੁਹਾਈ | : | ਪੁਕਾਰ, ਫ਼ਰਿਆਦ, ਚੀਕ-ਚਿਹਾੜਾ |
| ਹੱਥ ਪੈਰ ਮਾਰਨਾ | : | ਕੋਸ਼ਿਸ਼ ਕਰਨਾ |
| ਜੱਦੋ-ਜਹਿਦ | : | ਕੋਸ਼ਿਸ਼, ਉੱਦਮ, ਉਪਰਾਲਾ |
| ਖ਼ੁਸ਼ੀ ਦੀ ਲਹਿਰ ਦੌੜਨਾ | : | ਬਹੁਤ ਖ਼ੁਸ਼ ਹੋਣਾ |
| ਦਲੇਰ | : | ਬਹਾਦਰ, ਹੌਸਲੇ ਵਾਲ਼ਾ |
| ਅਹਿਸਾਨ | : | ਉਪਕਾਰ, ਕਿਰਪਾ, ਮਿਹਰਬਾਨੀ |
| ਪ੍ਰਸੰਸਾ | : | ਸਲਾਹੁਤਾ |
| ਡੁਬਕੀ | : | ਚੁੱਭੀ, ਟੁੱਭੀ, ਗੋਤਾ |



### 3. ਹੇਠ ਲਿਖੇ ਸ਼ਬਦਾਂ ਦੀ ਵਾਕਾਂ ਵਿੱਚ ਵਰਤੋਂ ਕਰੋ :

1. **ਸੁਘੜ-ਸਿਆਣੀ (ਬਹੁਤ ਸਮਝਦਾਰ)–** ਮੇਰੀ ਮੰਮੀ ਇੱਕ ਸੁਘੜ-ਸਿਆਣੀ ਔਰਤ ਹੈ।
2. **ਚਿੜੀਆ-ਘਰ (ਉਹ ਥਾਂ, ਜਿੱਥੇ ਸੰਸਾਰ ਦੇ ਮਹੱਤਵਪੂਰਨ ਪਸੂ ਤੇ ਪੰਛੀ ਸੰਭਾਲੇ ਹੋਣ)–** ਅਸੀਂ ਚੰਡੀਗੜ੍ਹ ਵਿੱਚ ਛੱਤਬੀੜ ਚਿੜੀਆ-ਘਰ ਘੁੰਮਣ ਗਏ।

3. **ਅਜਾਇਬ-ਘਰ (ਉਹ ਥਾਂ ਜਿੱਥੇ ਪੁਰਾਤਨ ਵਸਤਾਂ ਸੰਭਾਲੀਆਂ ਹੋਣ)-** ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਸੀਂ ਸਿੱਖ ਅਜਾਇਬ-ਘਰ ਵੇਖਿਆ।
4. **ਘੁੰਮਣ-ਫਿਰਨ (ਫਿਰਨ-ਤੁਰਨ)-** ਗਰਮੀਆਂ ਵਿੱਚ ਅਸੀਂ ਪਹਾੜਾਂ ਉੱਤੇ ਘੁੰਮਣ-ਫਿਰਨ ਜਾਵਾਂਗੇ।
5. **ਸੈਲਾਨੀ (ਘੁੰਮਣ-ਫਿਰਨ ਵਾਲ਼ੇ)-** ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਸੀਂ ਬਹੁਤ ਸਾਰੇ ਸੈਲਾਨੀਆਂ ਨੂੰ ਮਿਲੇ।
6. **ਜਿਗਰ ਦਾ ਟੁਕੜਾ (ਬਹੁਤ ਪਿਆਰਾ)-** ਹਰ ਬੱਚਾ ਆਪਣੇ ਮਾਪਿਆਂ ਦੇ ਜਿਗਰ ਦੇ ਟੁਕੜਾ ਹੁੰਦਾ ਹੈ।
7. **ਕੇਂਦਰ-ਬਿੰਦੂ (ਧਿਆਨ ਦਾ ਕੇਂਦਰ)-** ਜੰਨਤ ਹਰ ਕੰਮ ਵਿੱਚ ਅੱਗੇ ਹੁੰਦੀ ਹੈ, ਇਸ ਕਰਕੇ ਉਹ ਸਾਰਿਆਂ ਦਾ ਕੇਂਦਰ ਬਿਦੂ ਹੈ।
8. **ਅਣਹੋਣੀ (ਨਾ ਹੋ ਸਕਣ ਵਾਲ਼ੀ )-** ਵਾਹਨ ਧਿਆਨ ਨਾਲ਼ ਚਲਾਓ ਤਾਂ ਜੋ ਕੋਈ ਅਣਹੋਣੀ ਘਟਨਾ ਨਾ ਵਾਪਰੇ।

## 4. ਵਿਆਕਰਨ :

**ਵਚਨ :** ਸ਼ਬਦ ਦੇ ਜਿਸ ਰੂਪ ਤੋਂ ਕਿਸੇ ਜੀਵ, ਵਸਤੂ, ਸਥਾਨ ਆਦਿ ਦੀ ਗਿਣਤੀ ਵਿੱਚ ਇੱਕ ਜਾਂ ਇੱਕ ਤੋਂ ਵੱਧ ਦੇ ਫ਼ਰਕ ਦਾ ਪਤਾ ਲੱਗੇ, ਉਸ ਨੂੰ ਵਚਨ ਆਖਦੇ ਹਨ।

**ਪੰਜਾਬੀ ਵਿੱਚ ਵਚਨ ਦੋ ਪ੍ਰਕਾਰ ਦੇ ਹਨ :**

ੳ. ਇੱਕਵਚਨ

ਅ. ਬਹੁਵਚਨ

**ੳ. ਇੱਕਵਚਨ :** ਸ਼ਬਦ ਦੇ ਜਿਸ ਰੂਪ ਤੋਂ ਕਿਸੇ ਇੱਕ ਜੀਵ, ਵਸਤੂ, ਸਥਾਨ ਆਦਿ ਦਾ ਪਤਾ ਲੱਗੇ, ਉਸ ਨੂੰ ਇੱਕਵਚਨ ਕਿਹਾ ਜਾਂਦਾ ਹੈ; ਜਿਵੇਂ: ਸ਼੍ਰੇਣੀ, ਸਹੇਲੀ, ਕਿਸ਼ਤੀ ਆਦਿ।

**ਅ. ਬਹੁਵਚਨ :** ਸ਼ਬਦ ਦੇ ਜਿਸ ਰੂਪ ਤੋਂ ਇੱਕ ਤੋਂ ਵੱਧ ਜੀਵਾਂ, ਵਸਤੂਆਂ, ਸਥਾਨਾਂ ਆਦਿ ਦਾ ਗਿਆਨ ਹੋਵੇ, ਉਸਨੂੰ ਬਹੁਵਚਨ ਆਖਦੇ ਹਨ; ਜਿਵੇਂ: ਸ਼੍ਰੇਣੀਆਂ, ਸਹੇਲੀਆਂ, ਕਿਸ਼ਤੀਆਂ ਆਦਿ।

### ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ :

| | | |
|---|---|---|
| ਝਰਾ | : | ਝਰਾਵਾਂ |
| ਬੱਸ | : | ਬੱਸਾਂ |
| ਚਿੜੀ | : | ਚਿੜੀਆਂ |
| ਲੜਕੀ | : | ਲੜਕੀਆਂ |
| ਵਿਦਿਆਰਥੀ | : | ਵਿਦਿਆਰਥੀਆਂ |
| ਪੰਛੀ | : | ਪੰਛੀਆਂ |
| ਸ਼ਹਿਰ | : | ਸ਼ਹਿਰਾਂ |
| ਨਕਸ਼ਾ | : | ਨਕਸ਼ੇ |
| ਬੱਚਾ | : | ਬੱਚੇ |
| ਝੀਲ | : | ਝੀਲਾਂ |
| ਕਮੀਜ਼ | : | ਕਮੀਜ਼ਾਂ |
| ਕਿਸ਼ਤੀ | : | ਕਿਸ਼ਤੀਆਂ |



